**ਮੁਕੱਦਮਾ ਨੰਬਰ 95 ਮਿਤੀ 26/10/2017 ਅ/ਧ 302, ਹਿੰ:ਡੰ: 25/54/59 ਅਸਲਾ ਐਕਟ ਥਾਣਾ ਕੋਤਵਾਲੀ ਨਾਭਾ:-**

ਮਿਤੀ 25/10/2017 ਨੂੰ ਸਾਮ ਵਕਤ ਮੋਨਿਕ ਜਿੰਦਲ ਮਾਲਕ ਪਾਲ ਖਾਦ ਸਟੋਰ ਅਨਾਜ ਮੰਡੀ ਨਾਭਾ ਦਾ ਉਸ ਦੀ ਦੁਕਾਨ ਵਿੱਚ ਬੈਠੇ ਦੇ ਸਿਰ ਵਿੱਚ ਗੋਲੀਆ ਮਾਰਕੇ ਕਤਲ ਕਰ ਦਿੱਤਾ ਸੀ। ਜਿਸ ਤੇ ਰਾਕੇਸ ਕੁਮਾਰ ਪੁੱਤਰ ਪਿਆਰਾ ਲਾਲ ਵਾਸੀ ਗਲੀ ਨੰਬਰ 4 ਮੋਦੀ ਮਿੱਲ ਕਲੋਨੀ ਨਾਭਾ ਦੇ ਬਿਆਨ ਪਰ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਸੀ।ਇਸ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਐਸ.ਪੀ.ਇੰਨਵੈ,ਪਟਿਆਲਾ ਅਤੇ ਡੀ.ਐਸ.ਪੀ.ਇੰਨਵੈ ਪਟਿਆਲਾ ਦੀ ਅਗਵਾਈ ਵਿਚ ਸੀ.ਆਈ.ਏ ਸਟਾਫ ਪਟਿਆਲਾ ਦੀਆਂ ਵੱਖ ਵੱਖ ਟੀਮਾਂ ਬਣਾਕੇ ਵੱਖ ਵੱਖ ਟਾਸਕ ਦੇ ਕੇ ਟੈਕਨੀਕਲ ਤਰੀਕੇ ਨਾਲ ਤਫਤੀਸ ਅਰੰਭ ਕੀਤੀ ਗਈ।ਘਰ ਤੋ ਲੈ ਕੈ ਦੂਕਾਨ ਤੱਕ,ਦੁਕਾਨ ਤੋ ਲੈ ਕੇ ਸੈਲਰ ਤੱਕ ਦੇ ਸੀ.ਸੀ.ਟੀ.ਵੀ. ਕੈਮਰਿਆ ਦੀਆਂ ਫੁਟੈਜ ਚੈਕ ਕੀਤੀਆਂ ਗਈਆ ਅਤੇ ਆੜਤ ,ਖਾਦ ਸਟੋਰ ਅਤੇ ਸੈਲਰ ਨਾਲ ਸਬੰਧਤ ਲੇਬਰ ਤੇ ਹੋਰ ਸਟਾਫ ਅਤੇ ਇਹਨਾ ਫਰਮਾ ਨਾਲ ਸਬੰਧਤ ਲੈਣ ਦੇਣ ਵਾਲਿਆ ਪਾਸੋਂ ਪੁੱਛ ਗਿੱਛ ਕੀਤੀ ਗਈ। ਇਸ ਮੁਕੱਦਮੇ ਨੂੰ ਟਰੇਸ ਕਰਦੇ ਹੋਏ ਸੁਖਵਿੰਦਰ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਘਨੁੜਕੀ ਥਾਣਾ ਸਦਰ ਨਾਭਾ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ਗਿਆ ਹੈ। ਜਿਸ ਪਾਸੋ ਵਾਰਦਾਤ ਵਿੱਚ ਵਰਤਿਆ ਰਿਵਾਲਵਰ ਸਮੇਤ 4 ਜਿੰਦਾ ਰੋਂਦ ਅਤੇ 1 ਚੱਲਿਆ ਰੋਂਦ ਤੇ ਮੋਟਰਸਾਈਕਲ ਬਰਾਮਦ ਕੀਤਾ ਗਿਆ।

ਤਫਤੀਸ਼ੀ ਅਫਸਰ: ਐਸ.ਆਈ. ਕਰਨੈਲ ਸਿੰਘ ਮੁੱਖ ਅਫਸਰ ਥਾਣਾ ਕੋਤਵਾਲੀ ਨਾਭਾ